



ਰੋਜ਼ਾਨਾ

ਸੱਚ ਤੇ ਨਿਡਰ ਆਵਾਜ

# ਲੋਕ ਬਾਣੀ

Email : Lokbani08@gmail.com

5 ਅਪ੍ਰੈਲ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)






R.N.I. /Punpun/29016/2008/ ● ਸਾਲ : 15 ● ਅੰਕ : 93 ● ਮੁੱਲ : 5.00 ਰੁਪਏ ● ਕੁੱਲ ਪੇਜ : 10 ● ਫੈਕਸ: 0181-2211009, 99155-94111


## ਅਮਰੀਕਾ ਵਿੱਚ ਟਰੰਪ ਨੂੰ ਪੁਲਿਸ ਨੇ ਕੀਤਾ ਗ੍ਰਿਫ਼ਤਾਰ

**ਨਿਊਯਾਰਕ/ਲੋਕ ਬਾਣੀ**



ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਅੱਜ ਮੈਨਹਟਨ ਜ਼ਿਲਾ ਅਟਾਰਨੀ ਦੇ ਦਫ਼ਤਰ ਪੁੱਜੇ ਜਿੱਥੇ ਉਨਾਂ ਨੂੰ ਪੇਸ਼ੀ ਤੋਂ ਪਹਿਲਾਂ ਪੁਲੀਸ ਹਿਰਾਸਤ ਵਿਚ ਲੈ ਲਿਆ ਗਿਆ ਹੈ। ਸਾਬਕਾ ਰਾਸ਼ਟਰਪਤੀ ਡੋਨਰਡ ਟਰੰਪ 2016 ਦੇ ਰਾਸ਼ਟਰਪਤੀ ਦੀਆਂ ਚੋਣਾਂ ਤੋਂ ਪਹਿਲਾਂ ਅਸ਼ਲੀਲ ਫਿਲਮਾਂ ਨਾਲ ਸਬੰਧਿਤ ਇਕ ਅਦਾਕਾਰਾ ਨੂੰ ਕੁਝ ਗੱਲਾਂ ਗੁਪਤ ਰੱਖਣ ਲਈ ਦਿੱਤੇ ਪੈਸੇ ਦੇ ਦੋਸ਼ਾਂ ਨਾਲ ਜੁੜੇ ਅਪਰਾਧਿਕ ਮਾਮਲੇ ਵਿੱਚ ਪੇਸ਼ ਹੋਏ। ਪੇਸ਼ੀ ਦੇ ਮੱਦੇਨਜ਼ਰ ਅਦਾਲਤੀ ਕੰਪਲੈਕਸ ਦੇ ਅੰਦਰ ਤੇ ਬਾਹਰ ਸੁਰੱਖਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਦੱਸਣਾ ਬਣਦਾ ਹੈ ਕਿ ਟਰੰਪ ਅਪਰਾਧਿਕ ਕੇਸ ਦਾ ਸਾਹਮਣਾ ਕਰਨ ਵਾਲੇ ਪਹਿਲੇ ਸਾਬਕਾ ਅਮਰੀਕੀ ਰਾਸ਼ਟਰਪਤੀ ਹਨ।

## ਢਿੱਗਾਂ ਡਿੱਗੀਆ ਅਰੁਣਾਚਲ ਪ੍ਰਦੇਸ਼ ਦੇ ਪਹਾੜਾਂ 'ਚ

**ਈਟਾਨਗਰ/ਲੋਕ ਬਾਣੀ**

ਕੌਮੀ ਪਣ ਬਿਜਲੀ ਕਾਰਪੋਰੇਸ਼ਨ (ਐੱਨਐੱਚਪੀਸੀ) ਦੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਅਰੁਣਾਂਚਲ ਪ੍ਰਦੇਸ਼ ਵਿਚ ਢਿੱਗਾਂ ਡਿੱਗਣ ਕਾਰਨ ਮੁੱਖ ਡੈਮ ਦੇ ਲੋਅਰ ਸੁਬਨਸੀਰੀ ਹਾਈਡਰੋਲਿਕ ਪ੍ਰਾਜੈਕਟ ਨੂੰ ਕੋਈ ਨੁਕਸਾਨ ਨਹੀਂ ਪੁੱਜਿਆ। ਇਹ ਪ੍ਰਾਜੈਕਟ ਅਸਾਮ ਦੀ ਹੱਦ ਨਾਲ ਲੱਗਦੀ ਸੁਬਨਸੀਰੀ ਨਦੀ 'ਤੇ ਸਥਿਤ ਹੈ ਤੇ ਇਹ 2000 ਮੈਗਾਵਾਟ ਬਿਜਲੀ ਦੀ ਪੈਦਾਵਾਰ ਕਰਦਾ ਹੈ। ਸਰਕਲ ਅਫਸਰ ਡਾ. ਇਲੀਜ਼ਾਬੈੱਥ ਦੁਪਕ ਨੇ ਦੱਸਿਆ ਕਿ ਲਗਾਤਾਰ ਮੀਂਹ ਪੈਣ ਕਾਰਨ ਡੈਮ ਦੇ ਉਪਰਲੇ ਪਹਾੜ ਤੋਂ ਢਿੱਗਾਂ ਡਿੱਗੀਆਂ। ਐਨਐਚਪੀਸੀ ਦੇ ਕਾਰਜਕਾਰੀ ਡਾਇਰੈਕਟਰ ਨੇ ਦੱਸਿਆ ਕਿ ਢਿੱਗਾਂ ਡਿੱਗਣ ਕਾਰਨ ਨਿਰਮਾਣ



ਅਧੀਨ ਡੈਮ ਦੇ ਕਾਰਜਾਂ 'ਤੇ ਕੋਈ ਅਸਰ ਨਹੀਂ ਪਿਆ ਤੇ ਨਿਰਮਾਣ ਕਾਰਜ ਜਾਰੀ ਹਨ।

## ਏ .ਐਸ .ਆਈ ਨੇ ਪਰਿਵਾਰ ਨੂੰ ਗੋਲੀਆਂ ਮਾਰ ਕੀਤਾ ਕਤਲ

**ਗੁਰਦਾਸਪੁਰ/ਨਵਨੀਤ**

ਪਿੰਡ ਭੂੰਬਲੀ ਵਿਖੇ ਅੱਜ ਇਕ ਥਾਣੇਦਾਰ ਵਲੋਂ ਆਪਣੇ ਨੌਜਵਾਨ ਪੁੱਤਰ ਬਲਪ੍ਰੀਤ ਸਿੰਘ ਅਤੇ ਪਤਨੀ ਬਲਜੀਤ ਕੌਰ ਨੂੰ ਗੋਲੀ ਮਾਰ ਦਿੱਤੇ ਜਾਣ ਦੀ ਖ਼ਬਰ ਸਾਹਮਣੇ ਆਈ ਸੀ, ਜਿਸ ਤੋਂ ਬਾਅਦ ਏ.ਐਸ.ਆਈ. ਗੁਆਂਢ ਵਿਚ ਰਹਿੰਦੀ ਲੜਕੀ ਨੂੰ ਢਾਲ ਬਣਾ ਕੇ ਫ਼ਰਾਰ ਹੋ ਗਿਆ ਸੀ। ਪੁਲਿਸ ਵਲੋਂ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਘੇਰਾਬੰਦੀ ਕੀਤੀ ਗਈ ਸੀ ਜੋ ਕਿ ਆਪਣੇ ਕਿਸੇ ਰਿਸ਼ਤੇਦਾਰ ਦੇ ਘਰ ਲੁਕਿਆ ਹੋਇਆ ਸੀ। ਹੁਣ ਉਸ ਥਾਣੇਦਾਰ ਵਲੋਂ ਖ਼ੁਦ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਏ ਜਾਣ ਦੀ ਖ਼ਬਰ ਮਿਲੀ ਹੈ। ਮਿਲੀ ਜਾਣਕਾਰੀ ਅਨੁਸਾਰ ਲੜਕੀ ਨੂੰ ਸੁਰੱਖ਼ਿਅਤ ਬਚਾ ਲਿਆ ਗਿਆ ਹੈ।

## ਟਿਕਟੌਕ ਤੇ ਆਸਟ੍ਰੇਲੀਆ ਵਿੱਚ ਲੱਗੀ ਪਾਬੰਦੀ

**ਕੈਨਬਰਾ/ਲੋਕ ਬਾਣੀ**

ਆਸਟਰੇਲੀਆ ਨੇ ਆਖਰਕਾਰ ਚੀਨ ਦੀ ਵੀਡੀਓ ਐਪ ਟਿਕਟੌਕ ਦੀ ਸਰਕਾਰੀ ਉਪਕਰਨਾਂ 'ਤੇ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਦੇ ਨਾਲ ਇਹ ਸਰਕਾਰੀ ਉਪਕਰਣਾਂ 'ਤੇ ਟਿੱਕਟੌਕ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਵਾਲਾ ਅਮਰੀਕਾ, ਕੈਨੇਡਾ, ਬਰਤਾਨੀਆ ਅਤੇ ਨਿਊਜ਼ੀਲੈਂਡ ਦੇ ਅਖੌਤੀ 'ਫਾਈਵ ਆਈਜ਼' ਖੁਫੀਆ ਗਠਜੋੜ ਦਾ ਆਖਰੀ ਦੇਸ਼ ਬਣ ਗਿਆ ਹੈ।

## ਕੋਰੋਨਾ ਕਾਰਨ ਪੰਜਾਬ 'ਚ 2 ਦੀ ਮੌਤ

**ਚੰਡੀਗੜ/ਵਿਨੋਦ ਸ਼ਰਮਾ**

ਭਾਰਤ ਵਿਚ ਇਕ ਦਿਨ ਵਿਚ ਕਰੋਨਾ ਦੇ 3,038 ਨਵੇਂ ਮਾਮਲੇ ਆਉਣ ਤੋਂ ਬਾਅਦ ਦੇਸ਼ ਵਿਚ ਹੁਣ ਤੱਕ ਕੋਵਿਡ ਮਰੀਜ਼ਾਂ ਦੀ ਗਿਣਤੀ 4,47,29,284 ਹੋ ਗਈ ਹੈ। ਇਸ ਦੇ ਨਾਲ ਹੀ ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ ਵਧ ਕੇ 21,179 ਹੋ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਅੱਜ ਸਵੇਰੇ 8 ਵਜੇ ਜਾਰੀ ਕੀਤੇ ਅੰਕੜਿਆਂ ਅਨੁਸਾਰ ਵਾਇਰਸ ਕਾਰਨ ਕਾਰਨ ਦਿੱਲੀ ਅਤੇ ਪੰਜਾਬ ਵਿੱਚ ਦੋ-ਦੋ ਅਤੇ ਜੰਮੂ-ਕਸ਼ਮੀਰ, ਮਹਾਰਾਸ਼ਟਰ ਅਤੇ ਉੱਤਰਾਖੰਡ ਵਿੱਚ ਇੱਕ-ਇੱਕ ਮਰੀਜ਼ ਦੀ ਮੌਤ ਹੋਣ ਤੋਂ ਬਾਅਦ ਦੇਸ਼ ਵਿੱਚ ਮਰਨ ਵਾਲਿਆਂ ਦੀ ਗਿਣਤੀ ਵੱਧ ਵਧ ਕੇ 5, 30,901 ਹੋ ਗਈ।

## ਸਿੱਕਮ ਵਿੱਚ 6 ਯਾਤਰੀਆਂ ਦੀ ਹੋਈ ਬਰਫ ਦੇ ਤੋਦੇ ਡਿੱਗਣ ਕਾਰਨ ਮੌਤ



**ਗੰਗਟੋਕ/ਲੋਕ ਬਾਣੀ**

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸਿੱਕਮ-ਨਾਥੁਲਾ ਸਰਹੱਦੀ ਖ਼ੇਤਰ 'ਚ ਭਾਰੀ ਬਰਫ਼ ਦੇ ਤੋਦੇ ਡਿੱਗਣ ਕਾਰਨ 6 ਸੈਲਾਨੀਆਂ ਦੀ ਮੌਤ ਹੋ ਗਈ ਅਤੇ 11 ਜ਼ਖਮੀ ਹੋ ਗਏ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਗੰਗਟੋਕ ਤੋਂ ਨਾਥੁਲਾ ਨੂੰ ਜੋੜਨ ਵਾਲੇ ਜਵਾਹਰ ਲਾਲ ਨਹਿਰੂ ਰੋਡ 'ਤੇ 14ਵੇਂ ਮੀਲ 'ਤੇ ਬਚਾਅ ਕਾਰਜ ਚੱਲ ਰਿਹਾ ਹੈ। ਬਰਫ਼ ਵਿਚ ਫ਼ਸੇ 22 ਸੈਲਾਨੀਆਂ ਨੂੰ ਬਚਾ ਲਿਆ ਗਿਆ ਹੈ ਅਤੇ ਸੜਕ ਤੋਂ ਬਰਫ ਹਟਾਉਣ ਤੋਂ ਬਾਅਦ ਫ਼ਸੇ 350 ਸੈਲਾਨੀਆਂ ਅਤੇ 80 ਵਾਹਨਾਂ ਨੂੰ ਵੀ ਬਚਾਇਆ ਗਿਆ ਹੈ।

## ਦੇਸ਼ 'ਚ ਸਾਲ 2023-24 ਦੀ ਵਿਕਾਸ ਦਰ ਰਹੇਗੀ ਸੁਸਤ : ਵਿਸ਼ਵ ਬੈਂਕ

**ਜਲੰਧਰ/ਹਰਬੰਸ ਬਿੱਟੂ**

ਵਿਸ਼ਵ ਬੈਂਕ ਨੇ ਕਿਹਾ ਹੈ ਕਿ ਖਪਤ ਵਿੱਚ ਘਟਣ ਕਾਰਨ 2023-24 ਵਿੱਚ ਭਾਰਤ ਦੀ ਜੀਡੀਪੀ ਵਿਕਾਸ ਦਰ ਸੁਸਤ ਪੈ ਕੇ 6.3 ਫ਼ੀਸਦ ਤੱਕ ਆ ਜਾਵੇਗੀ। ਬੈਂਕ ਨੇ ਕਿਹਾ ਹੈ ਕਿ 2023-24 ਵਿੱਚ ਭਾਰਤ ਦਾ ਚਾਲੂ ਖਾਤਾ ਘਾਟਾ 2.1 ਫ਼ੀਸਦ ਰਹੇਗਾ। ਇਸ ਦੇ ਨਾਲ 2023-24 'ਚ ਭਾਰਤ 'ਚ ਪ੍ਰਚੂਨ ਮਹਿੰਗਾਈ 6.6 ਫੀਸਦੀ ਤੋਂ ਘੱਟ ਕੇ 5.2 ਫੀਸਦੀ ਰਹਿ ਸਕਦੀ ਹੈ।

## ਜਲੰਧਰ ਵਿੱਚ ਟ੍ਰੈਵਲ ਏਜੰਟ ਰੋਜ਼ਾਨਾ ਲੁੱਟ ਰਹੇ ਹਨ ਲੋਕਾਂ ਨੂੰ


**ਜਲੰਧਰ/ਰਾਕੇਸ਼ ਵਰਮਾ**

ਪੰਜਾਬ ਦੇ ਭੋਲੇ ਭਾਲੇ ਲੋਕਾਂ ਨੂੰ ਵਿਦੇਸ਼ ਭੇਜਣ ਦੇ ਸੁਪਨੇ ਵਿਖਾ ਕੇ ਲੱਖਾਂ ਰੁਪਏ ਠੱਗ ਰਹੇ ਹਨ ਤੇ ਇਹ ਏਜੰਟ ਪੂਰੀ ਨਾਲ ਪ੍ਰਸ਼ਾਸਨ ਤੇ ਪ੍ਰਧਾਨਾ ਦੀ ਮਿਲੀ ਭੁਗਤ ਨਾਲ ਲੋਕਾਂ ਨੂੰ ਲੁੱਟ ਰਹੇ ਹਨ ਜਿਨਾਂ ਕੋਲ ਲਾਇਸੈਂਸ ਤਾ ਹੋਰ ਹੈ ਕੰਮ ਹੋਰ ਕਇਆ ਕੋਲ ਤਾ ਇਹ ਲਾਇਸੈਂਸ ਹੀ ਨਹੀਂ ਉਹ ਮੋਟੀ ਰਕਮ ਦੇ ਕੇ ਸੈਟਿੰਗ ਕਰ ਕੇ ਇਨਾਂ ਲੋਕਾਂ ਨੂੰ ਲੁਟਦੇ ਹਨ ਕੀ ਪ੍ਰਸ਼ਾਸਨ ਇੰਨਾ ਖਿਲਾਫ ਕਾਰਵਾਈ ਕਰਨ ਦੀ ਹਿੰਮਤ ਕਰੇਗਾ।

## ਅੰਬਾਨੀ ਬਣੇ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ

**ਦਿੱਲੀ/ਕਪੂਰ**

ਫੋਰਬਜ਼ ਵੱਲੋਂ ਸਭ ਤੋਂ ਅਮੀਰ ਵਿਅਕਤੀਆਂ ਦੀ ਜਾਰੀ ਕੀਤੀ ਗਈ ਸੂਚੀ ਵਿਚ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਮੁੜ ਤੋਂ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। ਇਸ ਤੋਂ ਪਹਿਲਾਂ ਇਸ ਸੂਚੀ ਵਿਚ ਸਿਖਰਲੇ ਸਥਾਨ 'ਤੇ ਗੌਤਮ ਅਡਾਨੀ ਸਨ ਜੋ ਫੋਰਬਜ਼ ਦੀ ਬਿਲੀਅਨੇਅਰ 2023 ਸੂਚੀ ਵਿਚ 24ਵੇਂ ਸਥਾਨ 'ਤੇ ਖਿਸਕ ਗਏ ਹਨ। ਇਸ ਤੋਂ



ਪਹਿਲਾਂ ਅਡਾਨੀ 24 ਜਨਵਰੀ ਨੂੰ ਦੁਨੀਆ ਦੇ ਤੀਜੇ ਸਭ ਤੋਂ ਅਮੀਰ ਵਿਅਕਤੀ ਸਨ ਜਦੋਂ ਉਸ ਦੀ ਕੁੱਲ ਜਾਇਦਾਦ ਲਗਪਗ 126 ਬਿਲੀਅਨ ਡਾਲਰ ਸੀ ਪਰ ਅਮਰੀਕੀ ਕੰਪਨੀ ਵਲੋਂ ਜਾਰੀ ਕੀਤੀ ਰਿਪੋਰਟ ਤੋਂ ਬਾਅਦ ਅਡਾਨੀ ਦੇ ਸ਼ੇਅਰਾਂ ਦੀ ਕੀਮਤ ਲਗਾਤਾਰ ਡਿੱਗਦੀ ਰਹੀ। ਫੋਰਬਸ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਵੇਲੇ ਅਡਾਨੀ ਦੀ ਕੁੱਲ ਜਾਇਦਾਦ 47.2 ਬਿਲੀਅਨ ਡਾਲਰ ਹੈ। ਦੂਜੇ ਪਾਸੇ ਅੰਬਾਨੀ ਦੀ ਕੁੱਲ ਜਾਇਦਾਦ 83.4 ਬਿਲੀਅਨ ਡਾਲਰ ਹੈ।


JSDC GROUP

ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®

178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ

82880 21797
82880 21798

ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018

WWW.JSDCGROUP.COM

ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ

JSDC GROUP - INDIA



ਪੱਤਰਕਾਰਾਂ ਲਈ ਸੁਨਹਿਰਾ ਮੌਕਾ

ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 99155-94111